# ਚੋਣਾਂ 2012

## 2012 ਚੋਣਾਂ ਲਈ ਚੈੱਕਲਿਸਟ

ਕੀ ਤੁਸੀਂ ਅਮਰੀਕਾ ਦੇ ਨਾਗਰਿਕ ਹੋ, ਚੋਣ ਵਾਲੇ ਦਿਨ ਨੂੰ ਘੱਟੋ-ਘੱਟ 18 ਸਾਲ ਦੇ ਹੋਵੋਗੇ ਅਤੇ ਵੋਟਿੰਗ ਲਈ ਆਪਣੇ ਪ੍ਰਦੇਸ਼ ਦੀਆਂ ਰਿਹਾਇਸ਼ੀ ਜ਼ਰੂਰਤਾਂ ਨੂੰ ਪੂਰਾ ਕਰਦੇ ਹੋ ? ਜੇ ਹਾਂ ਤਾਂ 6 ਨਵੰਬਰ ਨੂੰ ਵੋਟ ਦੇ ਆਪਣੇ ਮੌਲਿਕ ਅਧਿਕਾਰ ਦਾ ਪ੍ਰਯੋਗ ਕਰੋ। ਇਹ ਸੁਨਿਸ਼ਚਿਤ ਕਰਨ ਲਈ ਇੱਥੇ ਇੱਕ ਝਟਪਟ ਚੈੱਕਲਿਸਟ ਹੈ ਕਿ ਤੁਸੀਂ ਆਪਣਾ ਵੋਟ ਪਾਉਣ ਲਈ ਤਿਆਰ ਹੋ।




- [ ] ਕੀ ਤੁਸੀਂ ਵੋਟ ਪਾਉਣ ਲਈ ਰਜਿਸਟਰਡ ਹੋ ?
- [ ] ਕੀ ਤੁਹਾਨੂੰ ਆਪਣੀ ਰਜਿਸਟ੍ਰੇਸ਼ਨ ਦੀ ਅੰਤਿਮ ਤਾਰੀਖ ਪਤਾ ਹੈ ?
- [ ] ਕੀ ਤੁਹਾਨੂੰ ਆਪਣੀ ਪੋਲਿੰਗ ਦੀ ਸਥਿਤੀ ਅਤੇ ਘੰਟੇ ਪਤਾ ਹਨ ?
- [ ] ਕੀ ਤੁਹਾਡਾ ਇਲਾਕਾ ਦੱਖਣ ਏਸ਼ੀਆਈ ਭਾਸ਼ਾਵਾਂ ਵਿੱਚ ਚੋਣਾਂ ਦੀ ਜਾਣਕਾਰੀ ਪ੍ਰਦਾਨ ਕਰਦਾ ਹੈ ? ਕੁੱਕ ਕਾਉਂਟੀ, ਆਈ. ਐੱਲ.; ਹੈਮਟ੍ਰੈਮਕ, ਐੱਮ.ਆਈ.; ਲਾਸ ਏਂਜਲਸ ਕਾਉਂਟੀ, ਸੀ.ਏ.; ਨਿਊ ਜਰਸੀ, ਅਤੇ ਕੁਈਨਸ ਕਾਉਂਟੀ, ਐੱਨ.ਵਾਈ. ਵਿੱਚ ਕੁਝ ਦੱਸ਼ਣ ਏਸ਼ੀਆਈ ਭਾਸ਼ਾਵਾਂ ਵਿੱਚ ਸਮੱਗਰੀ ਅਤੇ ਦੁਭਾਸ਼ੀਏ ਉਪਲਬਧ ਹੋਣਗੇ।
- [ ] ਕੀ ਤੁਹਾਨੂੰ ਆਪਣੇ ਵੋਟਰ ਪਛਾਣ ਪੱਤਰ ਦੀਆਂ ਜ਼ਰੂਰਤਾਂ ਬਾਰੇ ਜਾਣਕਾਰੀ ਹੈ ?
- [ ] ਕੀ ਤੁਹਾਨੂੰ ਉਮੀਦਵਾਰਾਂ, ਉਨ੍ਹਾਂ ਦੇ ਮੁੱਦਿਆਂ ਅਤੇ ਸਥਾਨਕ ਚੋਣ ਉਪਕ੍ਰਮਾਂ ਬਾਰੇ ਜਾਣਕਾਰੀ ਹੈ ?

ਚੋਣ ਵਾਲੇ ਦਿਨ ਤੁਹਾਨੂੰ ਵੋਟ ਵਿੱਚ ਮਦਦ ਕਰਨ ਵਾਲੇ ਸ੍ਰੋਤਾਂ ਲਈ, ਪੋਸਟਕਾਰਡ ਨੂੰ ਅੱਗੋਂ ਮੋੜੋ!

saalt
SOUTH ASIAN AMERICANS LEADING TOGETHER

ਜੇ ਤੁਹਾਡੇ ਕੋਈ ਸਵਾਲ ਹਨ ਤਾਂ, ਕਿਰਪਾ ਕਰਕੇ INFO@SAALT.ORG ਤੇ ਸਾਲਟ (SAALT) ਨੂੰ ਈਮੇਲ ਕਰੋ ਜਾਂ ਸਾਡੀ ਵੈੱਬਸਾਈਟ WWW.SAALT.ORG ਤੇ ਆਉ।

ਚਿੱਤਰ Rini Art® ਦੇ ਸਹਿਯੋਗ ਨਾਲ

# ਚੋਣਾਂ 2012

## ਜਾਣਕਾਰ ਹੋਵੋ, ਸ਼ਾਮਲ ਹੋਵੋ

ਤੁਹਾਡੇ ਸਮਾਜ ਅਤੇ ਦੇਸ਼ ਵਿਚਲੇ ਮੁੱਦਿਆਂ ਤੇ ਤੁਹਾਡੀ ਅਵਾਜ਼ ਨੂੰ ਸੁਣਾਉਣ ਲਈ ਵੋਟਿੰਗ ਬਹੁਤ ਹੀ ਮਹੱਤਵਪੂਰਨ ਹੈ। ਇਸ ਵਿੱਚ ਸ਼ਾਮਲ ਹੋਵੋ ਅਤੇ ਆਪਣੇ ਲੋਕਤੰਤਰ ਦਾ ਹਿੱਸਾ ਬਣੋ!

### 1. ਵੋਟ ਕਰਨ ਲਈ ਰਜਿਸਟਰ ਕਰੋ ਅਤੇ ਹੋਰਾਂ ਨੂੰ ਰਜਿਸਟਰ ਕਰਨ ਵਿੱਚ ਮਦਦ ਕਰੋ

- ਆਪਣੇ ਪ੍ਰਦੇਸ਼ ਵਿੱਚ ਕਿਵੇਂ ਰਜਿਸਟਰ ਕਰਨਾ ਹੈ ਬਾਰੇ ਜਾਣਕਾਰੀ ਚਾਹੀਦੀ ਹੈ? *www.866ourvote.org/state* ਤੇ ਜਾਓ।
- ਸਥਾਨਕ ਵੋਟਰ ਰਜਿਸਟ੍ਰੇਸ਼ਨ ਮੁਹਿੰਮ ਨਾਲ ਵਲੰਟੀਅਰ। ਰਜਿਸਟ੍ਰੇਸ਼ਨ ਵਿੱਚ ਸਹਾਇਤਾ ਲਈ ਜਾਂ ਸਥਾਨਕ ਗੈਰ-ਪੱਖਪਾਤੀ ਉਪਰਾਲਿਆਂ ਲਈ ਸਾਲਟ (SAALT) ਨੂੰ *info@saalt.org* ਤੇ ਸੰਪਰਕ ਕਰੋ।

### 2. ਆਪਣੇ ਵੋਟਿੰਗ ਅਧਿਕਾਰਾਂ ਨੂੰ ਜਾਣੋ ਅਤੇ ਹੋਰਾਂ ਦੇ ਅਧਿਕਾਰਾਂ ਦੀ ਰੱਖਿਆ ਕਰ

- ਕੀ ਤੁਸੀਂ ਵੋਟ ਕਰਨ ਸਮੇਂ ਪਛਾਣ ਪੱਤਰ ਲਿਆਏ ਸੀ? ਆਪਣੇ ਪ੍ਰਦੇਸ਼ ਦੀਆਂ ਜ਼ਰੂਰਤਾਂ ਨੂੰ *www.866ourvote.org/state* ਤੇ ਚੈੱਕ ਕਰੋ।
- ਅੰਗ੍ਰੇਜ਼ੀ ਵਿੱਚ ਸਰਲ ਨਹੀਂ ਹੋ? ਵੋਟਿੰਗ ਬੂਥ ਵਿੱਚ ਅਨੁਵਾਦ ਕਰਨ ਲਈ ਆਪਣੇ ਪਸੰਦ ਦੇ ਵਿਅਕਤੀ ਨੂੰ ਨਾਲ ਲਿਆਉ (ਆਪਣੇ ਮਾਲਕ ਜਾਂ ਯੂਨੀਅਨ ਪ੍ਰਤੀਨਿਧੀ ਨੂੰ ਛੱਡਕੇ) । ਕੁਝ ਨਿਆਂ ਖੇਤਰਾਂ ਵਿੱਚ ਕੁਝ ਦੱਖਣ ਏਸ਼ੀਆਈ ਭਾਸ਼ਾਵਾਂ ਲਈ ਸਰਕਾਰੀ ਅਨੁਵਾਦਿਤ ਚੋਣ ਸਮੱਗਰੀ ਅਤੇ ਦੁਭਾਸ਼ੀ ਚੋਣ ਕਰਮੀ ਉਪਲਬਧ ਹੋਣਗੇ।
- ਚੋਣ ਵਾਲੇ ਦਿਨ ਸਮੱਸਿਆਵਾਂ ਹਨ? 1-866-OUR-VOTE ਤੇ ਕਾਲ ਕਰੋ। ਕਈ ਪ੍ਰਦੇਸ਼ਾਂ ਦੇ ਚੋਣ ਸੁਰੱਖਿਆ ਪ੍ਰੋਜੈਕਟ ਲਈ ਚੋਣ ਨਿਰੀਖਕ ਦੇ ਤੌਰ ਤੇ ਵਲੰਟੀਅਰ ਬਣੋ। ਇਹ ਜਾਣਨ ਲਈ ਕਿ ਚੋਣ ਨਿਰੀਖਕ ਕਿਵੇਂ ਬਣਨਾ ਹੈ *www.aaldef.org* ਤੇ Election 2012 Center ਤੇ ਆਉ।

### 3. ਚੋਣ ਵਾਲੇ ਦਿਨ ਚੋਣ ਕਰਮੀ ਜਾਂ ਸਹਾਇਕ ਬਣ

- ਚੋਣ ਪ੍ਰਬੰਧ ਕਰਨ ਵਿੱਚ ਮਦਦ ਕਰਨਾ ਚਾਹੁੰਦੇ ਹੋ ਜਾਂ ਵੋਟਰਾਂ ਲਈ ਅਨੁਵਾਦ ਕਰਨਾ ਚਾਹੁੰਦੇ ਹੋ? ਇਹ ਜਾਣਨ ਲਈ ਕਿ ਚੋਣ ਕਰਮੀ ਕਿਵੇਂ ਬਣਨਾ ਹੈ *www.eac.gov* ਤੇ Resources for Voters ਤੇ ਆਉ।

ਹੋਰ ਜਾਣਕਾਰੀ ਚਾਹੁੰਦੇ ਹੋ? **WWW.SAALT.ORG** ਤੇ ਸਾਲਟ (SAALT) ਦੀਆਂ ਫੈਕਟਸ਼ੀਟਾਂ **Voter Rights and Requirements, Elections Process, How to Get Involved** ਦੇਖੋ।

saalt
SOUTH ASIAN AMERICANS LEADING TOGETHER

**South Asian Americans Leading Together**
*www.saalt.org* ◆ *info@saalt.org*

ਚਿੱਤਰ Rini Art® ਦੇ ਸਹਿਯੋਗ ਨਾਲ